CS (Main) Exam,2019

# ਪੰਜਾਬੀ / PUNJABI

## ( ਲਾਜ਼ਮੀ ) / ( COMPULSORY )

| | |
|---|---|
| ਨਿਰਧਾਰਿਤ ਸਮਾਂ : **ਤਿੰਨ ਘੰਟੇ**<br>*Time Allowed :* ***Three*** *Hours* | ਕੁੱਲ ਅੰਕ : **300**<br>*Maximum Marks :* ***300*** |

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।*

*ਹਰ ਪ੍ਰਸ਼ਨ ਦੇ ਅੰਕ ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।*

*ਜੇ ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ ਤਾਂ ਉਸ ਦਾ ਉੱਤਰ* ***ਪੰਜਾਬੀ (ਗੁਰਮੁਖੀ ਲਿਪੀ)*** *ਵਿੱਚ ਹੀ ਲਿਖੋ ।*

*ਜੇ ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ-ਸੀਮਾ ਦਿੱਤੀ ਗਈ ਹੈ ਤਾਂ ਉਸਦਾ ਪਾਲਨ ਕਰੋ । ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ ਤਾਂ ਅੰਕ ਕੱਟੇ ਜਾ ਸਕਦੇ ਹਨ ।*

*ਉੱਤਰ-ਕਾਪੀ ਦੇ ਖ਼ਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ ।*

### Question Paper Specific Instructions

***Please read each of the following instructions carefully before attempting questions :***

*All questions are to be attempted.*

*The number of marks carried by a question / part is indicated against it.*

*Answers must be written in* ***PUNJABI (Gurumukhi script)*** *unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question-cum-Answer Booklet must be clearly struck off.*

**Q1. ਹੇਠ ਲਿਖਿਆਂ ਵਿਚੋਂ ਕਿਸੇ *ਇੱਕ* ਵਿਸ਼ੇ ਬਾਰੇ 600 ਸ਼ਬਦਾਂ ਦਾ ਨਿਬੰਧ ਲਿਖੋ :** **100**

(a) ਸਿਰਜਣਾਤਮਕਤਾ ਦਾ ਵਿਕਾਸ ਕਰਨ ਵਾਲੀ ਸਿੱਖਿਆ ਨੀਤੀ ਦੀ ਲੋੜ

(b) ਭਾਰਤ ਵਿੱਚ ਵਣ-ਜੀਵਨ ਦੀ ਸੰਭਾਲ ਦੀਆਂ ਚੁਣੌਤੀਆਂ

(c) ਕਿਸ਼ੋਰਾਂ ਦੀ ਮਾਨਸਿਕਤਾ ਉੱਤੇ ਫ਼ਿਲਮਾਂ ਦਾ ਪ੍ਰਭਾਵ

(d) ਵਿਕਲਾਂਗਾਂ ਦਾ ਸ਼ਸ਼ਕਤੀਕਰਣ

**Q2. ਹੇਠ ਲਿਖੇ ਗੱਦ-ਟੋਟੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਸਪੱਸ਼ਟ, ਸਹੀ ਅਤੇ ਸੰਖੇਪ ਭਾਸ਼ਾ ਵਿੱਚ ਦਿਉ :** ***12×5=60***

ਕੁੱਝ ਹਜ਼ਾਰ ਸਾਲ ਪਹਿਲਾਂ ਤੱਕ ਮਨੁੱਖ ਧਰਤੀ ਉੱਤੇ ਸ਼ਿਕਾਰੀ ਮਾਤਰ ਸੀ । ਉੱਤਰ ਪੱਥਰ ਯੁੱਗ ਤੱਕ ਉਸਨੇ ਖੇਤੀਬਾੜੀ ਲਈ ਵੱਸਣਾ ਆਰੰਭ ਨਹੀਂ ਕੀਤਾ ਸੀ । ਦੂਰਦਰਾਜ਼ ਦੇ ਖ਼ੇਤਰਾਂ ਵਿੱਚ ਘੁੰਮਣ ਤੋਂ ਬਿਨਾਂ, ਉਹ ਜ਼ਮੀਨ ਦੀ ਵਾਹੀ ਕਰਕੇ, ਭੋਜਨ ਦੀ ਅਪੂਰਤੀ ਵਧਾਉਣ ਵਿੱਚ ਸਮਰੱਥ ਹੋਇਆ ਅਤੇ ਲਗਾਤਾਰ ਖੇਤੀ ਦੀ ਉੱਨਤੀ ਵਿੱਚ ਲੱਗਿਆ ਰਿਹਾ । ਅੱਜ ਤੱਕ ਉਹ ਪਹਿਲਾਂ ਦੇ ਮੁਕਾਬਲੇ ਵਿੱਚ ਵਧੇਰੇ ਅਤੇ ਬੇਹਤਰ ਉਪਜ ਲੈਣ ਵਿੱਚ ਸਮਰੱਥ ਹੋਇਆ । ਪਰੰਤੂ ਜਿੱਥੋਂ ਤੱਕ ਸਮੁੰਦਰਾਂ ਦਾ ਸੰਬੰਧ ਹੈ, ਉਹ ਹੁਣ ਤੱਕ ਲੱਗਭੱਗ ਸ਼ਿਕਾਰੀ ਹੀ ਹੈ । ਉਹ ਮੱਛੀਆਂ ਅਤੇ ਦੂਜੇ ਪਾਣੀ ਵਿੱਚ ਰਹਿਣ ਵਾਲੇ ਜੀਵਾਂ ਨੂੰ ਫੜਦਾ ਹੈ, ਪਰੰਤੂ ਉਨ੍ਹਾਂ ਦੇ ਵਾਧੇ ਅਤੇ ਅਪੂਰਤੀ ਨੂੰ ਬਣਾਈ ਰੱਖਣ ਵਿੱਚ ਆਂਸ਼ਿਕ ਪ੍ਰਯਤਨ ਹੀ ਕਰਦਾ ਹੈ । ਹੁਣ ਤੱਕ ਜਲ-ਸ਼ਿਕਾਰ ਤੋਂ ਉਸਨੂੰ ਪੋਸ਼ਟਿਕ ਪ੍ਰੋਟੀਨ ਦੀ ਕਾਫ਼ੀ ਪ੍ਰਾਪਤੀ ਹੋਈ ਹੈ । ਇਹ ਪ੍ਰੋਟੀਨ ਪ੍ਰਾਪਤੀ ਦਾ ਵਾਧਾ ਹੈ ਜਿਹੜਾ ਉਸਨੇ ਆਪਣੇ ਖੇਤਾਂ ਦੀ ਧਰਤੀ ਤੋਂ ਪ੍ਰਾਪਤ ਕੀਤਾ ਹੈ । ਪਰੰਤੂ ਵਿਸ਼ਵ ਵਿੱਚ ਵੱਧ ਰਹੀ ਆਬਾਦੀ ਕਾਰਨ, ਛੇਤੀ ਹੀ ਮਨੁੱਖ ਨੂੰ ਸਮੁੰਦਰੀ ਪ੍ਰੋਟੀਨ ਦੀ ਇੰਨੀ ਜ਼ਿਆਦਾ ਲੋੜ ਹੋਵੇਗੀ ਕਿ ਉਸਦੀ ਇਹ ਭਾਰੀ ਅਪੂਰਤੀ ਵੀ ਖ਼ਤਰੇ ਵਿੱਚ ਪੈ ਜਾਵੇਗੀ, ਜੇਕਰ ਉਸਨੇ ਕਿਸੇ ਉਚਿਤ ਢੰਗ ਦੀ ਸਮੁੰਦਰੀ-ਖੇਤੀ ਲਈ, ਕਾਰਗਰ ਯਤਨ ਨਾ ਕੀਤੇ ।

ਛੋਟੇ ਪੱਧਰ'ਤੇ ਪਹਿਲਾਂ ਹੀ ਮੱਛਲੀ-ਪਾਲਣ ਦਾ ਧੰਦਾ, ਤਲਾਬਾਂ ਅਤੇ ਝੀਲਾਂ ਵਿਚੱ ਸਫ਼ਲਤਾਪੂਰਵਕ ਕੀਤਾ ਜਾ ਚੁੱਕਾ ਹੈ । ਵਿਸ਼ੇਸ਼ ਰੂਪ ਵਿੱਚ ਜਲ ਪਰਿਯੋਜਨਾ ਦੇ ਲਈ ਬੰਨ੍ਹਾਂ ਦੇ ਨਿਰਮਾਣ ਦੁਆਰਾ ਬਣਾਈਆਂ ਗਈਆਂ ਝੀਲਾਂ ਵਿੱਚ ਇਹ ਕੋਸ਼ਿਸ਼ ਕੀਤੀ ਗਈ ਹੈ । ਪਹਿਲਾਂ ਹੀ ਪੇਂਡੂ ਖ਼ੇਤਰਾਂ ਦੇ ਕੁੱਝ ਵਿਕਸਤ ਸਮੁਦਾਇਆਂ ਨੇ ਖੇਤੀਬਾੜੀ ਅਫ਼ਸਰਾਂ ਦੀ ਸਹਾਇਤਾ ਅਤੇ ਅਗਵਾਈ ਵਿੱਚ ਸ਼ੁੱਧ ਪਾਣੀ ਦੇ ਤਲਾਬਾਂ ਵਿੱਚ ਪ੍ਰੋਟੀਨ ਦੀ ਅਪੂਰਤੀ ਵਿੱਚ ਵਾਧਾ ਕਰਨ ਵਿੱਚ ਭੂਮਿਕਾ ਨਿਭਾਈ ਹੈ ।

ਇੱਕ ਵਾਰ ਮੱਛੀਪਾਲਣ ਤਲਾਬਾਂ ਨੂੰ ਜਵਾਨ ਮੱਛੀਆਂ ਨਾਲ ਭਰ ਦਿੱਤਾ ਜਾਵੇ ਤਾਂ ਮੱਛੀਆਂ ਦੇ ਵਾਧੇ ਲਈ ਚੰਗਾ ਸਵਾਸਥੀ ਮਾਹੌਲ ਮਿਲ ਜਾਂਦਾ ਹੈ ਅਤੇ ਇਹ ਭੋਜਨ ਦੀ ਪੂਰਤੀ ਲਈ ਢੁੱਕਵਾਂ ਹੈ । ਪਾਣੀ ਵਿੱਚ ਵੱਡੀ ਸੰਖਿਆ ਵਿੱਚ ਤੈਰਦੇ ਛੋਟੇ ਜੀਵ ਅਤੇ ਬਨਸਪਤੀ, ਸਮੁੰਦਰੀ ਜੀਵਾਂ ਦੀ ਮੁੱਖ ਖ਼ੁਰਾਕ ਜਾਂ ਛੋਟੀਆਂ ਮੱਛੀਆਂ ਇਨ੍ਹਾਂ ਨੂੰ ਖਾਂਦੀਆਂ ਹਨ ਆਪ ਖ਼ੁਦ ਵੱਡੀਆਂ ਮੱਛੀਆਂ ਦੀ ਖ਼ੁਰਾਕ ਬਣਦੀਆਂ ਹਨ । ਕਿਉਂਕਿ, ਛੋਟੇ ਸਮੁੰਦਰੀ ਜੀਵ ਆਪਣੇ ਵਿਕਾਸ ਲਈ ਪਾਣੀ ਵਿੱਚ ਮਿਲਦੇ ਖਣਿਜਾਂ'ਤੇ ਨਿਰਭਰ ਰਹਿੰਦੇ ਹਨ । ਇਸੇ ਲਈ ਉਨ੍ਹਾਂ ਦੀ ਗਿਣਤੀ ਵਧਾਉਣ ਲਈ ਸਮੁੰਦਰੀ ਪਾਣੀ ਵਿੱਚ ਖਣਿਜਾਂ ਦੀ ਮਾਤਰਾ ਹੋਣੀ ਚਾਹੀਦੀ ਹੈ ।

ਹਾਲਾਂਕਿ ਸਮੁੰਦਰੀ ਖੇਤੀ ਵਿਹਾਰਿਕ ਵੀ ਅਤੇ ਲਾਭਦਾਇਕ ਵੀ, ਦੋਨੋਂ ਹੋ ਸਕਦੀ ਹੈ । ਪਰ, ਇਸ ਲਈ ਪਹਿਲਾਂ ਕਈ ਤਰ੍ਹਾਂ ਦੀਆਂ ਸੱਮਸਿਆਵਾਂ ਦਾ ਹੱਲ ਕਰਨਾ ਹੋਵੇਗਾ । ਉਦਾਹਰਣ ਦੇ ਤੌਰ'ਤੇ ਉਸ ਭਾਗ ਵਿੱਚ ਖ਼ਾਦ-ਪਦਾਰਥ ਪਾਉਂਣਾ ਉਪਯੋਗੀ ਨਹੀਂ ਹੁੰਦਾ, ਜਿੱਥੇ ਸਮੁੰਦਰੀ ਧਾਰਾਵਾਂ ਤੇਜ਼ ਗਤੀ ਨਾਲ, ਇਨ੍ਹਾਂ ਖ਼ਾਦ-ਪਦਾਰਥਾਂ ਨੂੰ ਮੀਲਾਂ ਹੀ ਦੂਰ, ਗ਼ੈਰ ਉਤਪਾਦਨ ਵਾਲੇ ਪਾਣੀ ਵਿੱਚ ਲੈ ਜਾਂਦੀਆਂ ਹਨ । ਜੇਕਰ ਮੱਛੀਪਾਲਕ ਆਪਣੇ ਆਪ ਨੂੰ, ਖ਼ਾਦ-ਪਦਾਰਥਾਂ ਨੂੰ, ਪਾਉਂਣ ਦੇ ਮਾਮਲੇ ਵਿੱਚ ਇੱਕ ਖ਼ਾਸ ਖੇਤਰ ਤੱਕ ਸੀਮਿਤ ਵੀ ਕਰ ਸਕਣ, ਤਾਂ ਵੀ ਉਸਨੂੰ 'ਆਪਣੇ ਖ਼ੇਤਰ' ਤੱਕ ਮੱਛੀਆਂ ਦੇ ਵਾਧੇ ਲਈ ਕੋਈ ਰਾਹ ਲੱਭਣਾ ਪਵੇਗਾ ਅਤੇ ਆਪਣੇ ਵਪਾਰ ਨੂੰ ਹੋਰ ਜ਼ਿਆਦਾ ਲਾਭਦਾਇਕ ਬਨਾਉਣ ਲਈ, ਮੱਛੀਆਂ ਨੂੰ ਖ਼ੁਰਾਕ ਦੇਣ ਦਾ ਅਜਿਹਾ ਤਰੀਕਾ ਲੱਭਣਾ ਪਵੇਗਾ, ਜਿਸ ਨਾਲ ਉਹ ਉਨ੍ਹਾਂ ਹੀ ਮੱਛੀਆਂ ਨੂੰ ਖ਼ੁਰਾਕ ਪਾ ਸਕੇ, ਜਿਨ੍ਹਾਂ ਨੂੰ ਉਹ ਖ਼ੁਰਾਕ ਦੇਣਾ ਚਾਹੁੰਦਾ ਹੈ । ਉਸਨੂੰ, ਉਨ੍ਹਾਂ 'ਨਦੀਨਾਂ' ਨੂੰ ਹਟਾਉਣ ਦਾ ਰਾਹ ਵੀ ਤਲਾਸ਼ਣਾ ਪਵੇਗਾ, ਜਿਹੜੇ ਉਸਦੀਆਂ ਮੱਛੀਆਂ ਦੀ ਖ਼ਾਦ-ਖ਼ੁਰਾਕ ਦਾ ਹਿੱਸਾ ਖਾ ਜਾਂਦੇ ਹਨ ਅਤੇ ਉਨ੍ਹਾਂ ਗ਼ੈਰ ਜ਼ਰੂਰੀ ਸਮੁੰਦਰੀ ਜੀਵਾਂ ਨੂੰ ਵੀ ਲਾਂਭੇ ਕਰਨਾ ਹੋਵੇਗਾ ਜਿਹੜੇ ਉਸਦੀਆਂ ਮੱਛੀਆਂ ਦੇ ਵੰਡੇ ਦੀ ਖ਼ੁਰਾਕ ਖਾ ਜਾਂਦੇ ਹਨ ।

ਸਪੱਸ਼ਟ ਰੂਪ ਵਿੱਚ ਇਨ੍ਹਾਂ ਸਮੱਸਿਆਵਾਂ ਦਾ ਹੱਲ ਸੌਖਾ ਨਹੀਂ ਹੈ । ਕਿਉਂਕਿ, ਸਮੁੰਦਰ ਦੀ ਵਿਸ਼ਾਲਤਾ ਦਾ ਘੇਰਾ, ਧਰਤੀ ਦੇ ਲੱਗਭੱਗ ਤਿੰਨ ਚੌਥਾਈ ਭਾਗ ਜਿੰਨਾ ਵਿਸ਼ਾਲ ਖ਼ੇਤਰ ਹੈ । ਸਮੁੰਦਰਾਂ ਦਾ ਪਾਣੀ, ਤਲਾਬਾਂ ਅਤੇ ਝੀਲਾਂ ਦੀ ਤੁਲਨਾ ਵਿੱਚ, ਧਾਰਾਵਾਂ ਵਿੱਚ ਨਿਰੰਤਰ ਗਤੀਸ਼ੀਲ ਰਹਿੰਦਾ ਹੈ । ਸ਼ਾਇਦ ਸਮੱਸਿਆਵਾਂ ਨੂੰ ਹੌਲੀ ਹੌਲੀ ਹੱਲ ਕਰ ਲਿਆ ਜਾਵੇਗਾ । ਨਿਕਟ ਭਵਿੱਖ ਵਿੱਚ ਮਨੁੱਖ, ਮਹਾਂਦੀਪਾਂ ਦੇ ਕੋਲ ਉਛਲ ਰਹੇ ਉਪ-ਤਟੀ ਪਾਣੀਆਂ ਵਿੱਚ ਛੋਟੇ ਪੱਧਰ'ਤੇ ਮਛੱਲੀ-ਪਾਲਣ ਦਾ ਧੰਦਾ ਸ਼ੁਰੂ ਕਰ ਸਕਦਾ ਹੈ । ਮੱਛੀਆਂ ਦਾ ਸੰਗ੍ਰਿਹ (ਸਟਾਕ) ਕਰ ਸਕਦਾ ਹੈ ਜਿਨ੍ਹਾਂ ਨੂੰ ਉਹ ਪਾਲਣਾ ਚਾਹੁੰਦਾ ਹੈ ਅਤੇ ਅਜਿਹੇ ਨਦੀਨਾਂ ਨੂੰ ਹਟਾ ਸਕਦਾ ਹੈ, ਜਿਹੜੇ ਉਸਦੀਆਂ ਮੱਛੀਆਂ ਦੇ ਭੋਜਨ ਨੂੰ ਘਟਾ ਦਿੰਦੇ ਹਨ । ਇਹ ਨਦੀਨ, ਅਜਿਹੇ ਜੀਵ ਹਨ, ਜਿਹੜੇ ਉਸ ਲਈ ਅਣਇਛਿੱਤ ਹਨ ਉਹ ਉਦੋਂ ਹੀ ਖ਼ਾਦ-ਪਦਾਰਥ ਪਾਏ ਜਦੋਂ ਜ਼ਰੂਰੀ ਹੋਵੇ ਅਤੇ ਅੰਤ ਵਿੱਚ ਉਹ ਬਾਲਗ ਹੋਈਆਂ ਮੱਛੀਆਂ ਦੀ ਫ਼ਸਲ ਨੂੰ ਇਕੱਠਾ ਕਰ ਸਕਦਾ ਹੈ ।

(a) ਸ਼ਿਕਾਰ ਦੀ ਤੁਲਨਾ ਵਿੱਚ ਖੇਤੀ, ਕਿਸ ਤਰ੍ਹਾਂ ਬੇਹਤਰ ਹੈ ਅਤੇ ਭਵਿੱਖ ਵਿੱਚ ਸਮੁੰਦਰੀ ਖੇਤੀ ਕਿਉਂ ਜ਼ਰੂਰੀ ਹੋਵੇਗੀ ? 12

(b) ਮੱਛੀ-ਪਾਲਣ ਲਈ ਖ਼ਾਦ ਦੀ ਕੀ ਭੂਮਿਕਾ ਹੈ ? 12

(c) ਸਮੁੰਦਰ ਦੇ ਕਿਸ ਹਿੱਸੇ ਤੋਂ ਮੱਛਲੀ-ਪਾਲਣ ਦਾ ਆਰੰਭ ਹੋ ਸਕਦਾ ਹੈ ? 12

(d) 'ਨਦੀਨਾਂ' ਤੋਂ ਕੀ ਭਾਵ ਹੈ ? 12

(e) ਭਵਿੱਖ ਵਿੱਚ ਸਮੁੰਦਰੀ ਖੇਤੀ ਦੀਆਂ ਸਮੱਸਿਆਵਾਂ ਦਾ ਹੱਲ ਕਿਵੇਂ ਕੀਤਾ ਜਾ ਸਕਦਾ ਹੈ ? 12

**Q3. ਹੇਠ ਲਿਖੇ ਪੈਰ੍ਹੇ ਦਾ ਸਾਰ ਇੱਕ ਤਿਹਾਈ ਸ਼ਬਦਾਂ ਵਿਚ ਲਿਖੋ । ਸਿਰਲੇਖ ਦੇਣ ਦੀ ਜਰੂਰਤ ਨਹੀਂ ਹੈ । ਸੰਖੇਪ ਸਾਰ ਨੂੰ ਅਪਨੇ ਸ਼ਬਦਾਂ ਵਿੱਚ ਲਿਖੋ :** ***60***

ਭਾਰਤ ਦੀ ਵੱਡੀ ਗਿਣਤੀ ਪੇਂਡੂ ਖ਼ੇਤਰ ਦੀ ਹੈ । ਉਨ੍ਹਾਂ ਦੀ ਸਮਾਜਿਕ-ਆਰਥਕ ਸਥਿਤੀ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਪੇਂਡੂ-ਖ਼ੇਤਰ ਦੇ ਬੁਨਿਆਦੀ ਢਾਂਚੇ ਵਿੱਚ ਸਰਬਪੱਖੀ ਵਿਕਾਸ ਦੀ ਜ਼ਰੂਰਤ ਹੈ । ਜਿਸ ਨਾਲ, ਸਮਾਨ ਅਤੇ ਸੰਮਿਲਿਤ ਵਿਕਾਸ ਦੀ ਸਦੀਵੀ ਟੀਚਿਆਂ ਨੂੰ ਪ੍ਰਾਪਤ ਕੀਤਾ ਜਾ ਸਕੇ । ਪੇਂਡੂ-ਖ਼ੇਤਰ ਦੇ ਬੁਨਿਆਦੀ ਢਾਂਚੇ ਦਾ ਇੱਕ ਮਹੱਤਵਪੂਰਣ ਅੰਗ ਪੀਣ ਵਾਲੇ ਪਾਣੀ ਦਾ ਵਿਵੱਸਥਾ ਕਰਨਾ ਹੈ । ਪਾਣੀ ਨਿਰਸੰਦੇਹ ਇੱਕ ਮਹੱਤਵਪੂਰਣ ਲੋਕਹਿਤ ਯੋਜਨਾ ਹੈ । ਨਾਗਰਿਕਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ, ਪਾਣੀ ਦੇ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ, ਸਰਬਜਨਿਕ ਨਿਵੇਸ਼ ਵਿੱਚ ਵਾਧੇ ਦੀ ਜ਼ਰੂਰਤ ਹੈ । ਇੱਕ ਪਾਣੀ-ਸੁਰੱਖਿਅਤ ਰਾਸ਼ਟਰ ਦਾ ਕੇਵਲ ਆਪਣੇ ਨਾਗਰਿਕਾਂ ਨੂੰ ਸ਼ੁੱਧ ਅਤੇ ਸੁੱਰਖਿਤ ਪੀਣ-ਵਾਲਾ ਪਾਣੀ ਉਪਲਬਧ ਕਰਾਏਗਾ, ਸਗੋਂ ਇੱਕ ਨਿਰੋਗ ਅਤੇ ਆਰਥਿਕ ਰੂਪ ਵਿੱਚ ਸੰਪੰਨ ਸਮਾਜ ਨੂੰ ਵੀ, ਸੁਨਿਸ਼ਚਤ ਕਰੇਗਾ । ਹਾਲਾਂਕਿ ਭਾਰਤ ਦੀ ਪੇਂਡੂ-ਖ਼ੇਤਰ ਦੀ ਵਿਸ਼ਾਲ ਆਬਾਦੀ ਲਈ ਪੀਣ ਵਾਲੇ ਪਾਣੀ ਦੀ ਜ਼ਰੂਰਤ ਨੂੰ ਪੂਰਾ ਕਰਨਾ, ਇੱਕ ਮੁਸ਼ਕਿਲ ਭਰਿਆ ਕੰਮ ਹੈ, ਜਿਸਦਾ ਮੁੱਖ ਕਾਰਨ ਸਥਾਪਿਤ ਪੀਣ ਵਾਲੇ ਪਾਣੀ ਦੀ ਸਪਲਾਈ ਵਿੱਚ ਕਮੀਂ, ਸਮਾਜਿਕ-ਆਰਥਿਕ ਵਿਕਾਸ ਦਾ ਹੇਠਲਾ-ਪੱਧਰ, ਸਿੱਖਿਆ ਅਤੇ ਪਾਣੀ ਦੇ ਉਪਯੋਗ ਅਤੇ ਉਪਭੋਗ ਬਾਰੇ ਜਾਗਰੂਕਤਾ ਦੀ ਕਮੀਂ ਹੋਣਾ ਹੈ ।

ਸੰਵਿਧਾਨ ਦੀ ਧਾਰਾ 47, ਰਾਜਾਂ ਨੂੰ ਸਾਰਬਜਨਿਕ ਸੁਧਾਰ ਲਈ, ਪੀਣ ਵਾਲੇ ਪਾਣੀ ਮੁਹੱਈਆ ਕਰਵਾਉਣ ਦਾ ਆਦੇਸ਼ ਦਿੰਦੀ ਹੈ । ਸਾਫ਼-ਸੁੱਥਰੇ ਪਾਣੀ ਦੀ ਵਿਵੱਸਥਾ ਨਾਲ ਘਾਤਕ ਬੀਮਾਰੀਆਂ ਅਤੇ ਮੌਤਾਂ ਵਿੱਚ ਕਮੀਂ ਆਉਂਦੀ ਹੈ ਅਤੇ ਦੇਸ਼ ਦੇ ਕਰੋੜਾਂ ਲੋਕਾਂ ਦੀ ਵਿਆਪਕ ਸਿਹਤ ਵਿੱਚ ਸੁਧਾਰ ਆਉਂਦਾ ਹੈ ।

ਸ਼ਸੱਕਤ ਵਿਕਾਸ, ਪਾਣੀ ਉਪਲਬਧ ਕਰਵਾਉਣ, ਸਫ਼ਾਈ ਪ੍ਰਬੰਧ ਅਤੇ ਪਾਣੀ ਦੇ ਸ਼ਸੱਕਤ ਪ੍ਰਬੰਧਨ ਉੱਤੇ ਜ਼ੋਰ ਦਿੰਦਾ ਹੈ । ਇਸਦਾ ਅਰਥ ਇਹ ਵੀ ਹੈ ਕਿ ਸਾਫ਼-ਸੁੱਥਰੇ ਪਾਣੀ ਦੀ ਸਹੂਲਤ ਤੋਂ 'ਕੋਈ ਵੀ ਵਾਂਝਾ ਨਾ ਰਹੇ' ਅਤੇ ਇਹੀ ਇਸ ਸਾਲ 22 ਮਾਰਚ ਨੂੰ 'ਵਿਸ਼ਵ ਪਾਣੀ ਦਿਵਸ' ਦਾ ਵਿਸ਼ਾ ਵੀ ਸੀ, ਜਿਹੜਾ ਮਨਾਇਆ ਗਿਆ ।

ਸਰਕਾਰ ਪੇਂਡੂ-ਖ਼ੇਤਰ ਵਿੱਚ ਸਾਫ਼ ਅਤੇ ਸ਼ੁੱਧ ਪਾਣੀ ਮੁੱਹਈਆ ਕਰਨ 'ਤੇ ਵਿਸ਼ੇਸ਼ ਧਿਆਨ ਦੇ ਰਹੀ ਹੈ । ਇਸ ਸੰਬੰਧੀ ਸਮੇਂ ਸਮੇਂ ਮਹੱਤਵਪੂਰਨ ਕਦਮ ਵੀ ਪੁੱਟੇ ਗਏ ਜਿਸ ਨਾਲ, ਇਸ ਖ਼ੇਤਰ ਦੀਆਂ ਵੰਮਾਰਾਂ ਦਾ ਸਾਹਮਣਾ ਕੀਤਾ ਜਾ ਸਕੇ । ਪੇਂਡੂ-ਖ਼ੇਤਰ ਜਲਪੂਰਤੀ ਯੋਜਨਾਵਾਂ ਦੇ ਨਿਰਮਾਣ ਕਾਰਜਾਂ, ਭੂਮੀਜਲ ਸੰਭਾਲ ਯੋਜਨਾਵਾਂ ਅਤੇ ਪਾਣੀ ਸਪਲਾਈ ਯੋਜਨਾਵਾਂ ਲਈ ਸਰਕਾਰ ਨੇ ਸਰਕਾਰੀ ਸਹਾਇਤਾ ਦਿੱਤੀ ਹੈ । ਸਰਕਾਰ, ਸਕੀਮਾਂ ਨੂੰ ਲਾਗੂ

ਕਰਨ ਅਤੇ ਰੱਖ-ਰਖਾਉ ਆਦਿ ਪਹਿਲੂਆਂ ਉੱਤੇ ਜ਼ੋਰ ਦੇ ਰਹੀ ਹੈ । ਕੁੱਝ ਹੋਰ ਮਹੱਤਵਪੂਰਨ ਕਦਮਾਂ ਵਿੱਚ ਮੀਂਹ ਦੇ ਪਾਣੀ ਨੂੰ ਇਕੱਠਿਆਂ ਕਰਨਾ, ਜੋ ਕਿ ਬਹੁਤ ਹੀ ਮਹੱਤਵਪੂਰਨ ਪਹਿਲੂ ਹੈ ਅਤੇ ਪੇਂਡੂ-ਖ਼ੇਤਰਾਂ ਵਿੱਚ ਲਗਾਤਾਰ ਸੁਰੱਖਿਅਤ ਪਾਣੀ ਦੀ ਅਪੂਰਤੀ, ਪੇਂਡੂ-ਖ਼ੇਤਰਾਂ ਵਿੱਚ ਭੂਮੀ ਰੀਚਾਰਜ ਪਾਣੀ ਯੋਜਨਾ, ਬਾਰਿਸ਼ ਦੇ ਪਾਣੀ ਨੂੰ ਦੁਬਾਰਾ ਵਰਤੋਂ ਵਿੱਚ ਲਿਆਉਣਾ ਆਦਿ ਦੇ ਢਾਂਚੇ ਦੇ ਨਿਰਮਾਣ ਉੱਤੇ ਕੰਮ ਕਰ ਰਹੀ ਹੈ । ਭਾਰਤ ਵਿੱਚ ਅਜਿਹੀ ਸਫ਼ਲਤਾ ਦੀਆਂ ਕਹਾਣੀਆਂ ਦੀ ਭਰਮਾਰ ਹੈ, ਜਿਹੜੀ ਕਿ ਪ੍ਰਾਚੀਨ ਅਤੇ ਪਰੰਪਰਾਗਤ ਗਿਆਨ ਅਤੇ ਸਿਆਣਪ ਉੱਤੇ ਆਧਾਰਿਤ ਹਨ । 2001 ਵਿੱਚ ਤਾਮਿਲਨਾਡੂ ਸਰਕਾਰ ਨੇ, ਹਰ ਪਰਿਵਾਰ ਲਈ ਮੀਂਹ ਦੇ ਪਾਣੀ ਨੂੰ ਇਕੱਠਿਆਂ ਕਰਨ ਦੀ ਮੂਲਭੂਤ ਸੰਰਚਨਾ ਨੂੰ ਰੱਖਣ ਲਈ ਜ਼ਰੂਰੀ ਕਰਾਰ ਦਿੱਤਾ । ਬੰਗਲੌਰ ਅਤੇ ਪੂਨੇ ਜਿਹੇ ਕਰਾਰਾਂ ਵਿੱਚ ਵੀ, ਇਹੋ ਜਿਹਾ ਹੀ ਪ੍ਰਯੋਗ ਕੀਤਾ ਗਿਆ ਹੈ । ਜਿੱਥੇ ਆਵਾਸ ਸਮਿਤੀਆਂ ਦੁਆਰਾ ਮੀਂਹ ਦੇ ਪਾਣੀ ਨੂੰ ਇਕੱਠਿਆ ਕਰਨ ਦੀਆਂ ਯੋਜਨਾਵਾਂ ਬਾਰੇ ਪਹਿਲ ਕਦਮੀਆਂ ਹੋਈਆਂ ਹਨ । ਦੂਜੇ ਰਾਜਾਂ ਵਿੱਚ ਵੀ, ਅਜਿਹੀਆਂ ਪਹਿਲ ਕਦਮੀਆਂ ਹੋਈਆਂ ਹਨ ।

ਭੂਮੀ-ਜਲ ਦੀ ਅਤਿ ਅਧਿਕ ਵਰਤੋਂ, ਇੱਕ ਪ੍ਰਮੁੱਖ ਸਮੱਸਿਆ ਹੈ । ਜਿਸ ਨੂੰ ਰੋਕਣ ਲਈ ਰਾਜ ਸਰਕਾਰਾਂ ਦੁਆਰਾ ਕੋਈ ਰੈਗੂਲੇਟਰੀ ਪ੍ਰਬੰਧ ਦੀ ਜ਼ਰੂਰਤ ਹੈ । ਗੰਭੀਰ ਰੂਪ ਨਾਲ ਪ੍ਰਭਾਵਿਤ ਖ਼ੇਤਰਾਂ ਵਿੱਚ ਬਹੁਤ ਜ਼ਿਆਦਾ ਖੂਹਾਂ ਦੀ ਖ਼ੁਦਾਈ ਉੱਤੇ ਰੋਕ ਲਗਣੀ ਚਾਹੀਦੀ ਹੈ । ਪੀਣ ਵਾਲੇ ਪਾਣੀ ਦੀਆਂ ਯੋਜਨਾਵਾਂ ਨੂੰ ਸਫ਼ਲ ਬਣਾਉਣ ਲਈ, ਪੰਚਾਇਤੀ ਰਾਜ ਸੰਸਥਾਵਾਂ ਦੀ ਵਧੇਰੇ ਭਾਗੇਦਾਰੀ ਦੀ ਜ਼ਰੂਰਤ ਹੈ । ਫ਼ਿਲਹਾਲ, ਪੰਚਾਇਤੀ ਰਾਜ ਸੰਸਥਾਵਾਂ ਦੀ ਭੂਮਿਕਾ ਆਂਸ਼ਿਕ ਹੀ ਹੈ । ਪੇਂਡੂ ਸਮੁਦਾਇਆਂ ਅਤੇ ਗ਼ੈਰ ਸਰਕਾਰੀ ਸੰਗਠਨਾਂ ਅਤੇ ਸਰਕਾਰ ਨੂੰ ਵਿਤੀ ਮਦਦ ਦੇਣ ਵਾਲੇ, ਆਦਿ ਦੇ ਰੂਪਾਂ ਵਿੱਚ, ਭਾਗੇਦਾਰੀ ਸਫ਼ਲ ਰਹੀ ਹੈ । ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪੇਂਡੂ-ਖ਼ੇਤਰਾਂ ਵਿੱਚ ਪੀਣ ਵਾਲੇ ਪਾਣੀ ਦੀ ਉਪਲਬਧਤਾ ਅਤੇ ਪਹੁੰਚ ਦਾ ਦਾਇਰਾ ਵਧਾਉਣ ਲਈ, ਸਾਨੂੰ ਪੇਂਡੂ ਸਮੁਦਾਇਆਂ ਦੇ ਸਕ੍ਰਿਆ ਸਹਿਯੋਗ ਤੋਂ ਪਾਣੀ ਦੇ ਨਿਆਇਯੁਕਤ ਇਕੱਤਰੀਕਰਣ ਅਤੇ ਉਪਯੋਗ ਲਈ, ਹਰ ਤਰ੍ਹਾਂ ਦੇ ਪ੍ਰਯਤਨ ਕਰਨ ਦੀ ਜ਼ਰੂਰਤ ਹੈ ।

ਸਮੁਦਾਇਆਂ ਦੀ ਭਾਗੇਦਾਰੀ, ਸੰਚਾਲਨ ਅਤੇ ਸੰਭਾਲ ਦੀ ਆਰਥਿਕਤਾ ਵਿਹਾਰਕਤਾ ਨੂੰ ਵਧਾਉਂਦੀ ਹੈ । ਇਹ ਅੰਤਰ-ਵਿਆਪੀ ਸਮੁਦਾਇਕਤਾ ਦੇ ਕਾਰਨ ਬੇਹਤਰ ਸੰਭਾਲ ਅਤੇ ਤਿਆਰ ਕੀਤੀ ਗਈ ਪ੍ਰਣਾਲੀ ਦੇ ਜੀਵਨ-ਕਾਲ ਨੂੰ ਵੀ ਵਧਾਉਂਦੀ ਹੈ । ਪੀਣ ਦੇ ਪਾਣੀ ਦੇ ਸਰੋਤਾਂ ਕੋਲ ਨਾ ਕੇਵਲ ਸਵੱਛਤਾ ਬਣਾਈ ਰੱਖਣ ਲਈ, ਸਮੁਦਾਇ ਦੀ ਮਹੱਤਵਪੂਰਨ ਭੂਮਿਕਾ ਹੈ । ਬਲਕਿ, ਉਨ੍ਹਾਂ ਤਰੀਕਿਆਂ ਦੇ ਸਾਧਨਾਂ ਨੂੰ ਵੀ ਸੁਧਾਰਨਾ ਹੈ ਜਿਨ੍ਹਾਂ ਦੁਆਰਾ ਇਕੱਤਰੀਕਰਣ ਅਤੇ ਉਪਯੋਗ ਕਰਦੇ ਸਮੇਂ, ਪ੍ਰਦੂਸ਼ਣ ਤੋਂ ਬਚਣ ਤੇ ਸੰਭਾਲਣ ਲਈ, ਪਾਣੀ ਇਕੱਤਰ ਕੀਤਾ ਜਾਂਦਾ ਹੈ ।

ਪੇਂਡੂ-ਖ਼ੇਤਰਾਂ ਵਿੱਚ ਇਨ੍ਹਾਂ ਯੋਜਨਾਵਾਂ ਦੇ ਪ੍ਰਭਾਵਕਾਰੀ ਰੂਪ ਵਿੱਚ ਲਾਗੂ ਕਰਨ ਲਈ, ਪੰਚਾਇਤੀ ਰਾਜ ਸੰਸਥਾਵਾਂ, ਸਵੈ-ਸੇਵੀ ਸੰਸਥਾਵਾਂ ਅਤੇ ਸਹਿਕਾਰੀ ਸਮਿਤੀਆਂ ਦੇ ਮਾਧਿਅਮ ਦੁਆਰਾ ਸਮੁਦਾਇ ਦੀ ਸਕ੍ਰਿਆ ਭਾਗੇਦਾਰੀ ਦੀ ਜ਼ਰੂਰਤ ਹੈ ਤਾਂ ਕਿ 2030 ਤੱਕ 'ਹਰ ਘਰ ਜਲ' ਦੇ ਉਦੇਸ਼ ਨੂੰ, ਪੂਰਾ ਕੀਤਾ ਜਾ ਸਕੇ ਅਤੇ ਲੰਮੇ ਸਮੇਂ ਤੱਕ, ਇਸ ਯੋਜਨਾ ਨੂੰ ਸਾਕਾਰ ਕੀਤਾ ਜਾ ਸਕੇ । (747 ਸ਼ਬਦ)

**Q4. ਹੇਠ ਲਿਖੇ ਗੱਦ-ਟੋਟੇ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ :** ***20***

ਜਦੋਂ ਕੋਈ ਆਪਣੇ ਆਪ ਨੂੰ ਦੇਖਦਾ ਹੈ ਤਾਂ ਉਹ ਆਪਣੇ ਬਾਰੇ ਗ਼ਲਤ ਅਨੁਮਾਨ ਲਗਾ ਲੈਂਦਾ ਹੈ । ਉਹ ਕੇਵਲ ਆਪਣੇ ਉਦੇਸ਼ਾਂ ਨਾਲ ਹੀ ਆਪਣੇ ਆਪ ਨੂੰ ਦੇਖਦਾ ਹੈ । ਜ਼ਿਆਦਾਤਰ ਲੋਕ ਚੰਗੇ ਉਦੇਸ਼ਾਂ ਨੂੰ ਲੈਕੇ ਚਲਦੇ ਹਨ ਅਤੇ ਮੰਨ ਲੈਂਦੇ ਹਨ ਕਿ ਉਹ ਜੋ ਵੀ ਕੰਮ ਕਰ ਰਹੇ ਹਨ ਉਸਦਾ ਪਰਿਣਾਮ ਚੰਗਾ ਹੀ ਹੋਵੇਗਾ । ਕਿਸੇ ਵੀ ਵਿਅਕਤੀ ਲਈ, ਆਪਣੇ ਕੰਮਾਂ ਦਾ ਠੀਕ ਮੁਲਾਂਕਣ ਕਰਨਾ ਮੁਸ਼ਕਿਲ ਹੈ, ਜਿਹੜਾ ਬਹੁਤੀ ਵਾਰ, ਉਸਦੇ ਚੰਗੇ ਉਦੇਸ਼ਾਂ ਦਾ ਵਿਰੋਧਾਭਾਸ ਹੁੰਦਾ ਹੈ । ਜ਼ਿਆਦਾਤਰ ਲੋਕ, ਕੰਮ ਕਰਨ ਦੇ ਇਰਾਦੇ ਨਾਲ ਆਉਂਦੇ ਹਨ ਅਤੇ ਆਪਣਾ ਕੰਮ ਉਸ ਢੰਗ ਨਾਲ ਕਰਦੇ ਹਨ, ਜੋ ਉਨ੍ਹਾਂ ਨੂੰ ਸੁਵਿਧਾਜਨਕ ਲੱਗਦਾ ਹੋਵੇ; ਅਤੇ ਸੰਧਿਆ ਸਮੇਂ ਸੰਤੁਸ਼ਟੀ ਦੀ ਭਾਵਨਾ ਲੈਕੇ, ਘਰ ਚਲੇ ਜਾਂਦੇ ਹਨ । ਉਹ ਆਪਣੇ ਕੰਮ ਦਾ ਮੁਲਾਂਕਣ ਨਹੀਂ ਕਰਦੇ । ਉਹ ਆਪਣੇ ਇਰਾਦਿਆਂ ਦਾ ਹੀ ਮੁਲਾਂਕਣ ਕਰਦੇ ਹਨ । ਅਜਿਹਾ ਮੰਨਿਆ ਜਾਂਦਾ ਹੈ, ਕਿਉਂਕਿ ਕੋਈ ਵੀ ਵਿਅਕਤੀ ਆਪਣੇ ਕੰਮ ਨੂੰ ਸਮੇਂ ਦੇ ਅੰਦਰ ਅੰਦਰ ਖ਼ਤਮ ਕਰਨ ਦਾ ਇਰਾਦਾ ਰੱਖਦਾ ਹੈ ਅਤੇ ਜੇਕਰ ਇਸ ਵਿੱਚ ਦੇਰੀ ਹੁੰਦੀ ਹੈ ਤਾਂ ਉਹ ਉਸਦੇ ਨਿਯੰਤਰਣ ਤੋਂ ਬਾਹਰ ਦੀ ਗੱਲ ਹੁੰਦੀ ਹੈ । ਕੰਮ ਵਿੱਚ ਦੇਰੀ ਕਰਨ ਦਾ, ਉਸਦਾ ਕੋਈ ਇਰਾਦਾ ਨਹੀਂ ਹੁੰਦਾ ਹੈ । ਪਰ ਜੇਕਰ ਉਸਦੇ ਕੰਮ ਦਾ ਤਰੀਕਾ ਜਾਂ ਆਲਸ, ਦੇਰੀ ਦਾ ਕਾਰਨ ਬਣਦਾ ਹੈ, ਤਾਂ ਕੀ ਇਹ ਇਰਾਦਤਨ ਨਹੀਂ ਹੁੰਦਾ ?

ਸਮੱਸਿਆ ਇਹ ਹੈ ਕਿ ਅਸੀਂ ਆਮ ਤੌਰ 'ਤੇ ਜੀਵਨ ਨਾਲ ਸੰਘਰਸ਼ ਕਰਨ ਦੀ ਬਜਾਇ, ਇਸਦਾ ਵਿਸ਼ਲੇਸ਼ਣ ਕਰਨ ਲੱਗ ਜਾਂਦੇ ਹਾਂ । ਲੋਕ ਆਪਣੀਆਂ ਅਸਫ਼ਲਤਾਵਾਂ ਤੋਂ ਸਿੱਖਣ ਦੀ ਬਜਾਇ ਜਾਂ ਉਨ੍ਹਾਂ ਦਾ ਅਨੁਭਵ ਲੈਣ ਦੀ ਥਾਂ, ਉਨ੍ਹਾਂ ਦੇ ਕਾਰਨਾਂ ਅਤੇ ਪ੍ਰਭਾਵ ਦੀ ਚੀਰ-ਫਾੜ ਕਰਨ ਲੱਗ ਜਾਂਦੇ ਹਨ । ਕਠਿਨਾਈਆਂ ਅਤੇ ਸੰਕਟਾਂ ਦੇ ਮਾਧਿਅਮ ਨਾਲ, ਈਸ਼ਵਰ ਸਾਨੂੰ ਆਪਣੇ ਆਪ ਨੂੰ ਪੜ੍ਹਨ ਦਾ ਅਵਸਰ ਪ੍ਰਦਾਨ ਕਰਦਾ ਹੈ । ਉਸ ਲਈ, ਜਦੋਂ ਤੁਹਾਡੀਆਂ ਉਮੀਦਾਂ, ਸੁਪਨੇ ਅਤੇ ਟੀਚੇ ਚੂਰ-ਚੂਰ ਹੋ ਜਾਣ, ਤਾਂ ਅਵਸ਼ੇਸ਼ਾਂ ਨੂੰ ਆਪਣੇ ਅੰਦਰੋਂ ਤਲਾਸ਼ ਕਰੋ । ਤੁਹਾਨੂੰ ਉਨ੍ਹਾਂ ਦੇ ਅੰਦਰ ਛੁਪਿਆ ਹੋਇਆ ਕੋਈ ਸੁਨਹਿਰੀ ਮੌਕਾ ਜ਼ਰੂਰ ਮਿਲੇਗਾ ।

ਲੋਕਾਂ ਦੀ ਕਾਰਜਕੁਸ਼ਲਤਾ ਵਧਾਉਣ ਲਈ, ਉਨ੍ਹਾਂ ਨੂੰ ਪ੍ਰੇਰਿਤ ਕਰਨਾ ਅਤੇ ਨਿਰਾਸ਼ਾ 'ਚੋਂ ਕੱਢਣਾ, ਹਰ ਨੇਤਾ ਦੇ ਲਈ ਹਮੇਸ਼ਾਂ ਇੱਕ ਚੁਣੌਤੀ ਭਰਿਆ ਕੰਮ ਹੁੰਦਾ ਹੈ । ਸੰਗਠਨਾਂ ਵਿੱਚ ਬਦਲਾਅ ਲਿਆਉਣ ਦੇ ਮਾਮਲੇ ਵਿੱਚ ਇੱਕ ਨੇਤਾ ਸਵੀਕ੍ਰਿਤੀ ਅਤੇ ਪ੍ਰਤੀਰੋਧ ਦੇ ਵਿੱਚੋਂ, ਆਪਣਾ ਰਸਤਾ ਤਲਾਸ਼ ਕਰਦਾ ਹੈ ।

**Q5.** **ਹੇਠ ਲਿਖੇ ਪੈਰ੍ਹੇ ਦਾ ਪੰਜਾਬੀ ਵਿੱਚ ਅਨੁਵਾਦ ਕਰੋ :** ***20***

Freedom has assuredly given us a new status and new opportunities. But it also implies that we should discard selfishness, laziness and all narrowness of outlook. Our freedom suggests toil and the creation of new values for old ones. We should so discipline ourselves as to be able to discharge our responsibilities satisfactorily. If there is any one thing that needs to be stressed, it is that we should put in action our full capacity, each one of us in productive effort — each one of us in his own sphere, however humble. Work, unceasing work, should now be our watchword. Work is wealth, and service is happiness. The greatest crime today is idleness. If we root out idleness, all our difficulties, including even conflicts, will gradually disappear. Whether as constable or high official of the state, whether as businessmen or industrialist, artisan or farmer, each one is discharging the obligation to the state, and making a contribution to the welfare of the country. Honest work is the anchor to which we should cling if we want to be saved from danger or difficulty. It is the fundamental law of progress.

**Q6.** (a) **ਹੇਠ ਲਿਖੇ ਸ਼ਬਦ-ਜੋੜਾਂ ਨੂੰ ਸ਼ੁੱਧ ਕਰਕੇ ਲਿਖੋ :** *1×10=10*

(i) ਇਤੀਹਾਸੀਕ *1*

(ii) ਪ੍ਰਖੀਆ *1*

(iii) ਸ਼ੈਹੀਰ *1*

(iv) ਪੜ੍ਹਾਈ *1*

(v) ਰਾਜਨੈਤੀਕ *1*

(vi) ਈਕਤਾਲੀਸ *1*

(vii) ਉਨਿੰਦਰਾ *1*

(viii) ਨੀਰਵੈਰ *1*

(ix) ਬੈਰਬਿਰੋਧ *1*

(x) ਬੋਹਤ *1*

(b) ਹੇਠ ਲਿਖੇ ਮੁਹਾਵਰਿਆਂ-ਅਖਾਣਾਂ ਦੇ ਅਰਥ ਦੱਸਕੇ, ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ : *2×5=10*

(i) ਤੋੜਾ ਪੈ ਜਾਣਾ 2

(ii) ਧੋਲਾ ਝਾਟਾ ਹੋਣਾ 2

(iii) ਮੱਖੀਆਂ ਮਾਰਨਾ 2

(iv) ਉੱਜੜੇ ਬਾਗਾਂ ਦੇ ਗਾਲੜ ਪਟਵਾਰੀ 2

(v) ਆਪੇ ਫਾਥੜੀਏ, ਤੈਨੂੰ ਕੌਣ ਛੁਡਾਏ 2

(c) ਹੇਠ ਲਿਖੇ ਅਗੇਤਰ-ਪਿਛੇਤਰ ਲਾਕੇ ਸ਼ਬਦ ਬਣਾਉ : *1×10=10*

(i) ਨਿਜ *1*

(ii) ਅਨ *1*

(iii) ਬਦ *1*

(iv) ਹੀਣ *1*

(v) ਬਾਜ਼ *1*

(vi) ਦਾਨ *1*

(vii) ਪਰਮ *1*

(viii) ਸਬ *1*

(ix) ਅਪ *1*

(x) ਮਹਾਂ *1*

(d) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ, ਇੱਕ ਸ਼ਬਦ ਦੀ ਵਰਤੋਂ ਕਰੋ : *1×10=10*

(i) ਪਿੰਡ ਦੀ ਸਾਂਝੀ ਜ਼ਮੀਨ । *1*

(ii) ਜਿਹੜਾ ਰਸਾਲਾ ਤਿੰਨ ਮਹੀਨਿਆਂ ਬਾਅਦ ਛਪਦਾ ਹੋਵੇ । *1*

(iii) ਉਹ ਥਾਂ, ਜਿੱਥੇ ਮੁਟਿਆਰਾ ਇੱਕਠੀਆਂ ਬੈਠ ਕੇ ਚਰਖਾ ਕੱਤਦੀਆਂ ਹੋਣ । *1*

(iv) ਉਹ ਪੁੱਤਰ, ਜਿਹੜਾ ਘਰ ਵਿੱਚ ਸਭ ਤੋਂ ਪਹਿਲਾਂ ਜੰਮਿਆ ਹੋਵੇ । *1*

(v) ਜਿਹੜਾ ਰੱਬ ਵਿੱਚ ਯਕੀਨ ਕਰਦਾ ਹੋਵੇ । *1*

(vi) ਉਹ ਵਿਅਕਤੀ, ਜਿਸ ਦਾ ਵੱਡੀ ਉਮਰ ਤੱਕ ਵਿਆਹ ਨਾ ਹੋਇਆ ਹੋਵੇ । *1*

(vii) ਉਹ ਇਸਤਰੀ, ਜਿਸਦੇ ਔਲਾਦ ਨਾ ਹੋਈ ਹੋਵੇ । *1*

(viii) ਉਹ ਭਾਸ਼ਾ, ਜਿਹੜੀ ਕਿਸੇ ਉਪ-ਖ਼ੇਤਰ ਵਿੱਚ ਬੋਲੀ ਜਾਵੇ । *1*

(ix) ਉਹ ਮਹਾਨ ਵਿਅਕਤੀ, ਜਿਹੜਾ ਦੇਸ਼ ਲਈ ਜਾਨ ਵਾਰ ਗਿਆ ਹੋਵੇ । *1*

(x) ਕਿਸੇ ਮੁਕਾਵਲੇ ਵਿੱਚ, ਸਭ ਤੋਂ ਪਿੱਛੇ ਰਹਿਣ ਵਾਲਾ ਖਿਡਾਰੀ । *1*